# ਮੈਰੀਟੋਰੀਅਸ ਸਕੂਲਾਂ ਲਈ ਰਾਖਵਾਂਕਰਨ

1. ਮੈਰੀਟੋਰੀਅਸ ਸਕੂਲਾਂ ਵਿੱਚ ਲੜਕੀਆਂ ਅਤੇ ਲੜਕਿਆਂ ਲਈ ਸੀਟਾਂ ਦੀ ਵੰਡ ਕ੍ਰਮਵਾਰ 60:40 ਅਨੁਸਾਰ ਹੈ।
2. **ਆਟਾ-ਦਾਲ/ਸਮਾਰਟ ਕਾਰਡ ਧਾਰਕਾਂ ਲਈ ਰਾਖਵਾਂਕਰਨ:-** ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਲਈ 10% ਸੀਟਾਂ ਰਾਖਵੀਆਂ ਹੋਣਗੀਆਂ, ਜੋ ਕਿ ਖੁਰਾਕ ਅਤੇ ਸਪਲਾਈ ਵਿਭਾਗ ਦੀ ਆਟਾ-ਦਾਲ ਸਮਾਰਟ ਕਾਰਡ ਸਕੀਮ ਦੇ ਪਰਿਵਾਰ ਨਾਲ ਸਬੰਧ ਰੱਖਦੇ ਹੋਣ।
3. **ਵਿਕਲਾਂਗ ਵਿਦਿਆਰਥੀਆਂ ਲਈ ਰਾਖਵਾਂਕਰਨ:-** ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ-ਵਿਕਾਸ ਵਿਭਾਗ ਦੇ ਮਿਤੀ: 09.01.2021 ਦੇ ਨੋਟੀਫਿਕੇਸ਼ਨ ਨੰ. 11/05/2017-1SS (6SS)/92 ਅਨੁਸਾਰ ਵਿਕਲਾਂਗ ਲੜਕੀਆਂ ਲਈ 10% ਅਤੇ ਵਿਕਲਾਂਗ ਲੜਕਿਆਂ ਲਈ 5% ਸੀਟਾਂ ਰਾਖਵੀਆਂ ਹਨ। ਰਾਖਵਾਂਕਰਨ ਦੀ ਲਾਭ ਲੈਣ ਲਈ ਵਿਕਲਾਂਗਤਾ 40% ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ।
4. **ਵੂਮੈਨ ਹੈਡਡ ਹਾਊਸਹੋਲਡ ਦੀਆਂ ਕੁੜੀਆਂ ਲਈ ਰਾਖਵਾਂਕਰਨ:-** ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਮਿਤੀ: 09.01.2021 ਦੇ ਨੋਟੀਫਿਕੇਸ਼ਨ ਨੰ.11/05/2017-3SS(2SS)/74 ਅਨੁਸਾਰ 20% ਸੀਟਾਂ ਵੂਮੈਨ ਹੈਡਡ ਹਾਊਸਹੋਲਡ ਕੈਟਾਗਰੀ ਤਹਿਤ ਕੇਵਲ ਲੜਕੀਆਂ ਲਈ ਰਾਖਵੀਆਂ ਹਨ। ਕੋਈ ਵੀ ਔਰਤ ਘਰ ਦੀ ਮੁੱਖੀ ਹੋ ਸਕਦੀ ਹੈ, ਜਿਵੇਂ ਕਿ:-
   - ਦਾਦੀ (ਮਾਤਾ-ਪਿਤਾ ਦੋਵਾਂ ਦੀ ਮੌਤ ਹੋਣ ਦੀ ਸੂਰਤ ਵਿੱਚ)
   - ਮਾਂ (ਪਿਤਾ ਦੀ ਮੌਤ, ਤਲਾਕ, ਵਿਕਲਾਂਗ ਪਿਤਾ, ਜੋ ਕੰਮ ਕਰਨ/ਕਮਾਉਣ ਦੇ ਯੋਗ ਨਾ ਹੋਵੇ,ਪਿਤਾ ਦੀ ਲੰਮੇ ਸਮੇਂ ਤੋਂ ਘਰ ਤੋਂ ਗੈਰ ਹਾਜਰੀ/ਗੈਰ ਮੌਜੂਦਗੀ, ਘੱਟੋ-ਘੱਟ 7 ਸਾਲ ਲਈ)
   - ਵੱਡੀ ਭੈਣ (ਮਾਤਾ-ਪਿਤਾ ਦੋਵਾਂ ਦੀ ਮੌਤ ਹੋਣ ਦੀ ਸੂਰਤ ਵਿੱਚ)

4. ਜੇਕਰ ਉਪਰੋਕਤ ਦਰਸਾਏ ਰਾਖਵੇਕਰਨ ਕੋਟੇ ਅਧੀਨ ਸੀਟਾਂ ਨਹੀਂ ਭਰਦੀਆਂ ਤਾਂ ਸਬੰਧਤ ਕੋਟੇ ਦੀਆਂ ਖਾਲੀ ਸੀਟਾਂ ਜਨਰਲ ਮੈਰਿਟ ਵਿੱਚੋਂ ਭਰੀਆਂ ਜਾਣਗੀਆਂ।